# ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ,

**(ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ)**

**ਮੁਸਤਰੀ ਮੁਨਿਆਦੀ**

ਰਾਜਪੁਰਾ ਕੋਰੀਡੋਰ ਨੂੰ 150 ਫੁੱਟ ਚੋੜੀ ਸੜਕ ਨਾਲ ਕੁਨੈਕਟੀਵਿਟੀ ਦੇਣ ਲਈ ਜੋ ਕਿ ਪਿੰਡ ਪਬਰਾ ਜਿਸਦਾ ਰਕਬਾ (1.1771 ਏਕੜ), ਮਡਵਾਲ ਜਿਸ ਦਾ ਰਕਬਾ (1.3229 ਏਕੜ), ਉਕਸੀ ਜਿਸ ਦਾ ਰਕਬਾ (0.0104 ਏਕੜ) ਅਤੇ ਕੰਵਰਪੁਰ ਜਿਸ ਦਾ ਰਕਬਾ (0.7917 ਏਕੜ) ਕੁੱਲ ਰਕਬਾ 3.3021 ਏਕੜ, ਤਹਿਸੀਲ ਰਾਜਪੁਰਾ, ਜਿਲ੍ਹਾ ਪਟਿਆਲਾ ਪ੍ਰਾਪਤੀ ਅਧੀਨ ਹੈ, ਦਾ ਅਵਾਰਡ ਮਿਤੀ 27.08.2024 ਨੂੰ ਸਮਾਂ 2 ਵਜੇ ਕਮੇਟੀ ਹਾਲ ਦੂਜੀ ਮੰਜਿਲ, ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ ਵਿਖੇ ਸੁਣਾਇਆ ਜਾਣਾ ਹੈ। ਇਸ ਲਈ ਇਹਨਾਂ ਪਿੰਡਾਂ ਦੇ ਸਬੰਧਤ ਭੌਂ ਮਾਲਕਾਂ/ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਮਿਤੀ ਅਤੇ ਸਮੇਂ ਤੇ ਉਪਰੋਕਤ ਥਾਂ ਤੇ ਅਵਾਰਡ ਸੁਣਾਉਣ ਸਮੇਂ ਹਾਜਰ ਹੋਣ।

**ਸਥਾਨ: ਐਸ.ਏ.ਐਸ. ਨਗਰ**

**ਮਿਤੀ:**

**ਭੌਂ ਪ੍ਰਾਪਤੀ ਕੁਲੈਕਟਰ**

G.M.i+DC No. 451
Recon Date: 27/08/24

**ਪਿ.ਅ.ਨੰ: ਐਮ.ਏ/ਐਲ.ਏ.ਸੀ/2024/** 2929 **ਮਿਤੀ:** 22/8/24

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) ਆਮ ਜਨਤਾ ਨੂੰ ਅਵਾਰਡ ਸੁਣਾਏ ਜਾਣ ਸਬੰਧੀ ਸਮਾਂ, ਸਥਾਨ ਅਤੇ ਮਿਤੀ, ਹਾਜਰ ਹੋਣ ਲਈ ਪਿੰਡ ਪਬਰਾ, ਮਡਵਾਲ, ਕੰਵਰਪੁਰ ਅਤੇ ਉਕਸੀ ਤਹਿਸੀਲਦਾਰ ਰਾਜਪੁਰਾ, ਜਿਲ੍ਹਾ ਪਟਿਆਲਾ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਮੁਸਤਰੀ ਮੁਨੀਆਦੀ ਕਰਵਾਕੇ ਮੁਨਿਆਦੀ ਦੀ ਰਪਟ ਰੋਜਨਾਮਚੇ ਵਿਚ ਦਰਜ ਕਰਨ ਹਿੱਤ ਸਬੰਧਤ ਹਲਕਾ ਕਾਨੂੰਨਗੋ/ਪਟਵਾਰੀ ਪਿੰਡ ਪਬਰਾ, ਮਡਵਾਲ, ਕੰਵਰਪੁਰ ਅਤੇ ਉਕਸੀ ਤਹਿਸੀਲਦਾਰ ਰਾਜਪੁਰਾ, ਜਿਲ੍ਹਾ ਪਟਿਆਲਾ ਨੂੰ ਪਾਬੰਦ ਕੀਤਾ ਜਾਵੇ।

(2) ਸਰਪੰਚ/ਨੰਬਰਦਾਰ/ਚੌਕੀਦਾਰ ਪਿੰਡ ਪਬਰਾ, ਮਡਵਾਲ, ਕੰਵਰਪੁਰ ਅਤੇ ਉਕਸੀ ਤਹਿਸੀਲਦਾਰ ਰਾਜਪੁਰਾ, ਜਿਲ੍ਹਾ ਪਟਿਆਲਾ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(3) ਸਿਸਟਮ ਮੈਨੇਜਰ ਗਮਾਡਾ/ਪੁੱਡਾ ਆਈ.ਟੀ.ਸੈਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਮੁਸਤਰੀ ਮੁਨਿਆਦੀ ਦੀ ਜਾਣਕਾਰੀ ਗਮਾਡਾ ਦੇ ਵੈਬਸਾਇਟ ਤੇ ਵੀ ਅਪਲੋਡ ਕੀਤੀ ਜਾਵੇ ਜੀ।

**ਭੌਂ ਪ੍ਰਾਪਤੀ ਕੁਲੈਕਟਰ**

Scanned with OKEN Scanner